# ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ,ਪੰਜਾਬ

ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, (ਮਾਈਕਰੋਸਾਫਟ ਬਿਲਡਿੰਗ)

ਫੇਜ਼-3ਬੀ1, ਐਸ.ਏ.ਐਸ.ਨਗਰ।

ਨੰਬਰ: 6/1-2020 ਭ.ਡ (3)/2021507 53 ਮਿਤੀ, ਐਸ.ਏ.ਐਸ.ਨਗਰ:-09-02-2021

## ਪਬਲਿਕ ਨੋਟਿਸ

ਸਿੱਖਿਆ ਭਰਤੀ ਡਾਇਰੈਕਟੋਟ ਪੰਜਾਬ ਵੱਲੋਂ ਮਿਤੀ 28-02-2020 ਨੂੰ 3704 ਮਾਸਟਰ ਕਾਡਰ ਅਸਾਮੀਆਂ ਅਤੇ ਮਿਤੀ 06-03-20 ਨੂੰ 2364 ਈ.ਟੀ.ਟੀ. ਅਧਿਆਪਕਾਂ ਦੀ ਭਰਤੀ ਲਈ ਵਿਗਿਆਪਨ ਦਿੱਤਾ ਗਿਆ ਸੀ। ਇਹਨਾਂ ਅਸਾਮੀਆਂ ਲਈ ਅਪਲਾਈ ਕੀਤੇ ਬਹੁਤ ਸਾਰੇ ਉਮੀਦਵਾਰਾਂ ਵੱਲੋਂ ਕੈਟਾਗਰੀ ਗਲਤ ਭਰੀ ਗਈ ਸੀ, ਕੈਟਾਗਰੀ ਦਰੁਸਤ ਕਰਨ ਲਈ ਪ੍ਰਾਪਤ ਹੋਈਆਂ ਪ੍ਰਤੀ-ਬੇਨਤੀਆਂ ਤੇ ਵਿਭਾਗ ਵੱਲੋਂ ਫੈਸਲਾ ਲੈਂਦੇ ਹੋਏ ਅਜਿਹੇ ਉਮੀਦਵਾਰਾਂ ਨੂੰ ਕੈਟਾਗਰੀ ਦਰੁਸਤ ਕਰਨ ਦਾ ਇੱਕ ਆਖਰੀ ਮੌਕਾ ਦੇਣ ਲਈ ਮਿਤੀ 13-01-2021 (ਮਾਸਟਰ ਕਾਡਰ ਅਸਾਮੀਆਂ ਲਈ) ਅਤੇ 16-12-2020 (ਈ.ਟੀ.ਟੀ. ਅਸਾਮੀਆਂ ਲਈ) ਨੂੰ ਪਬਲਿਕ ਨੋਟਿਸ ਜਾਰੀ ਕੀਤਾ ਗਿਆ ਸੀ। ਇਹ ਮੌਕਾ ਕੋਵਿਡ-19 ਦੇ ਕਾਰਣ ਉਮੀਦਵਾਰਾਂ ਨੂੰ ਆਈਆਂ ਮੁਸ਼ਕਲਾਂ ਦੇ ਮੱਦੇ-ਨਜ਼ਰ ਦਿੱਤਾ ਗਿਆ ਸੀ।

ਪਰ ਹੁਣ ਵਿਭਾਗ ਵੱਲੋਂ ਸਿਵਲ ਰਿੱਟ ਪਟੀਸ਼ਨ ਨੰਬਰ 18337 ਆਫ਼ 2020 ਗੁਰਪ੍ਰੀਤ ਸਿੰਘ ਬਨਾਮ ਪੰਜਾਬ ਸਰਕਾਰ ਅਤੇ ਹੋਰ ਦੇ ਕੇਸ ਵਿੱਚ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਮਿਤੀ 3-11-20 ਨੂੰ ਦਿੱਤੇ ਗਏ ਫ਼ੈਸਲੇ ਦੇ ਮੱਦੇ-ਨਜ਼ਰ ਵਿਚਾਰ ਵਟਾਂਦਰਾ ਕਰਨ ਉਪਰੰਤ ਮਿਤੀ 16-12-2020 ਨੂੰ 2364 ਈ.ਟੀ.ਟੀ. ਅਸਾਮੀਆਂ ਅਤੇ ਮਿਤੀ 13-01-2021 ਨੂੰ 3704 ਮਾਸਟਰ ਕਾਡਰ ਦੀਆਂ ਅਸਾਮੀਆਂ ਲਈ ਜਾਰੀ ਕੀਤੇ ਗਏ ਪਬਲਿਕ ਨੋਟਿਸ ਵਾਪਸ ਲਏ ਜਾਂਦੇ ਹਨ। ਉਮੀਦਵਾਰਾਂ ਵੱਲੋਂ ਮਿਤੀ 3-11-2020 (ਮਾਸਟਰ ਕਾਡਰ ਅਸਾਮੀਆਂ ਲਈ) ਅਤੇ ਮਿਤੀ 17-11-2020 (ਈ.ਟੀ.ਟੀ. ਅਸਾਮੀਆਂ ਲਈ) ਤੱਕ ਅਪਲਾਈ ਕੀਤੇ ਅਨੁਸਾਰ ਭਰੀ ਗਈ ਕੈਟਾਗਰੀ ਹੀ ਮੰਨੀ ਜਾਵੇਗੀ।

9/2/21

ਸਹਾਇਕ ਡਾਇਰੈਕਟਰ

ਸਿੱਖਿਆ ਭਰਤੀ ਡਾਇਰੈਕਟੋਰੇਟ,ਪੰਜਾਬ।

Scanned with CamScanner